Exam. Code : 103203
Subject Code : 1153

B.A./B.Sc. 3rd Semester

# MUDHLI PUNJABI (In Lieu of Compulsory Punjabi)

Time Allowed—3 Hours] [Maximum Marks—50

**ਨੋਟ :—** ਵਿਦਿਆਰਥੀਆਂ ਨੇ ਕੁੱਲ **ਪੰਜ** ਪ੍ਰਸ਼ਨ ਕਰਨੇ ਹਨ। ਸੈਕਸ਼ਨ ਏ, ਬੀ, ਸੀ ਅਤੇ ਡੀ ਵਿੱਚੋਂ **ਇੱਕ-ਇੱਕ** ਪ੍ਰਸ਼ਨ ਕਰਨਾ ਹੈ ਅਤੇ **ਪੰਜਵਾਂ** ਪ੍ਰਸ਼ਨ ਕਿਸੇ ਵੀ ਸੈਕਸ਼ਨ ਵਿੱਚੋਂ ਕੀਤਾ ਜਾ ਸਕਦਾ ਹੈ। ਹਰੇਕ ਪ੍ਰਸ਼ਨ ਦੇ ਅੰਕ 10 ਹਨ।

## ਸੈਕਸ਼ਨ—ਏ

1. ਹੇਠ ਲਿਖੇ ਵਾਕਾਂ ਵਿੱਚੋਂ ਕਿਰਿਆ ਵਾਕੰਸ਼ਾਂ ਦੀ ਪਛਾਣ ਕਰੋ :
   (i) ਕਿਤਾਬ ਹੱਥ ਵਿੱਚੋਂ ਡਿਗ ਪਈ।
   (ii) ਉਹ ਬਹੁਤ ਵਧੀਆ ਗਾਉਂਦਾ ਹੈ।
   (iii) ਤੁਸੀਂ ਅੰਮ੍ਰਿਤਸਰ ਕਦੋਂ ਆਉਗੇ।
   (iv) ਉਹ ਰੋਜ਼ ਸ਼ਾਮ ਨੂੰ ਲਾਇਬ੍ਰੇਰੀ ਵਿੱਚ ਪੜ੍ਹ ਰਿਹਾ ਹੁੰਦਾ ਹੈ।
   (v) ਮੈਂ ਕੱਲ ਕਾਲਜ ਨਹੀਂ ਆ ਸਕਾਂਗਾ।
   (vi) ਤੁਸੀਂ ਬਹੁਤ ਚੰਗਾ ਬੋਲਦੇ ਹੋ।
   (vii) ਮੇਰਾ ਮਿੱਤਰ ਦਿੱਲੀਓਂ ਆਇਆ ਹੈ।
   (viii) ਮੇਹਨਤ ਦਾ ਫਲ ਜ਼ਰੂਰ ਮਿਲਦਾ ਹੈ।
   (ix) ਤਰਖਾਣ ਲੱਕੜਾਂ ਚੀਰਦਾ ਹੈ।
   (x) ਉਹ ਗੱਡੀ ਤੋਂ ਉਤਰਿਆ।
2. ਪੰਜ ਪ੍ਰਸ਼ਨ ਵਾਚਕ ਅਤੇ ਪੰਜ ਹੁਕਮੀ ਵਾਕ ਲਿਖੋ।



Scanned with CamScanner

## ਸੈਕਸ਼ਨ—ਬੀ

3. 'ਪੰਜਾਬੀ ਨੌਜਵਾਨਾਂ ਵਿੱਚ ਵਿਦੇਸ਼ ਜਾਣ ਦਾ ਵੱਧ ਰਿਹਾ ਰੁਝਾਨ' ਵਿਸ਼ੇ ਉੱਤੇ ਪੈਰ੍ਹਾ ਰਚਨਾ ਕਰੋ।

4. ਸ਼ਹਿਰ ਵਿੱਚ ਵੱਧ ਰਹੀ ਨਸ਼ਿਆਂ ਦੀ ਸਮੱਸਿਆ ਸੰਬੰਧੀ ਅਖਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ।

## ਸੈਕਸ਼ਨ—ਸੀ

5. ਹੇਠ ਲਿਖੇ ਅਖਾਣਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਇਹਨਾਂ ਦੇ ਅਰਥ ਸਪੱਸ਼ਟ ਹੋ ਜਾਣ :

ਜਾਂ ਵਾਹ ਪਿਆ ਜਾਣੀਏ ਜਾਂ ਰਾਹ ਪਿਆ ਜਾਣੀਏ, ਵੇਲੇ ਦੀ ਨਮਾਜ਼ ਕੁਵੇਲੇ ਦੀਆਂ ਟੱਕਰਾਂ, ਘੜੇ ਨੂੰ ਹੱਥ ਲਾਇਆ ਸਾਰਾ ਟੱਬਰ ਤਿਹਾਇਆ, ਚਿੜੀਆਂ ਦੀ ਮੌਤ ਗਵਾਰਾਂ ਦਾ ਹਾਸਾ, ਜਾਂਦੇ ਚੋਰ ਦੀ ਲੰਗੋਟੀ ਹੀ ਸਹੀ, ਨਵਾਂ ਨੌ ਦਿਨ ਪੁਰਾਣਾ ਸੌ ਦਿਨ, ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ, ਲਿਖੇ ਮੂਸਾ ਪੜ੍ਹੇ ਖ਼ੁਦਾ, ਉਹ ਕਿਹੜੀ ਗਲੀ ਜਿੱਥੇ ਭਾਗੋ ਨਹੀਂ ਖਲੀ, ਇਕ ਪੰਥ ਦੋ ਕਾਜ।

6. ਹੇਠ ਲਿਖੇ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਇਹਨਾਂ ਦੇ ਅਰਥ ਸਪੱਸ਼ਟ ਹੋ ਜਾਣ :

ਲੂਣ ਹਰਾਮ ਕਰਨਾ, ਰਾਤ ਦਿਨ ਇਕ ਕਰਨਾ, ਮੂੰਹ ਨੂੰ ਲਹੂ ਲੱਗਣਾ, ਬੀੜਾ ਚੁੱਕਣਾ, ਪੱਗ ਨੂੰ ਹੱਥ ਪਾਉਣਾ, ਨੱਕ ਉੱਤੇ ਮੱਖੀ ਨਾ ਬਹਿਣ ਦੇਣਾ, ਪੱਜੀਆਂ ਉਡਾਉਣੀਆਂ, ਦਾਲ ਵਿੱਚ ਕਾਲਾ ਹੋਣਾ, ਤੱਤੀ ਵਾ ਨਾ ਲੱਗਣਾ, ਟਕੇ ਵਰਗਾ ਜਵਾਬ ਦੇਣਾ।



Scanned with CamScanner

## ਸੈਕਸ਼ਨ—ਡੀ

7. ਹੇਠ ਲਿਖਿਆ ਪੈਰ੍ਹਾ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

ਵਿਆਹ ਦੇ ਸਮੇਂ ਲੜਕੀ ਦੇ ਘਰ ਵਿੱਚ ਗਾਏ ਜਾਣ ਵਾਲੇ ਸ਼ਗਨ ਭਰਪੂਰ ਗੀਤਾਂ ਨੂੰ ਸੁਹਾਗ ਕਿਹਾ ਜਾਂਦਾ ਹੈ। ਸੁਹਾਗ ਵਿੱਚ ਵਿਸ਼ੇਸ਼ ਤੌਰ 'ਤੇ ਵਿਆਹੀ ਜਾਣ ਵਾਲੀ ਕੁੜੀ ਦੇ ਮਨੋਭਾਵਾਂ ਨੂੰ ਪ੍ਰਗਟ ਕੀਤਾ ਜਾਂਦਾ ਹੈ। ਸੁਹਾਗ ਸ਼ਬਦ ਸੰਸਕ੍ਰਿਤ ਸ਼ਬਦ ਸੌਭਾਗਯ ਦਾ ਤਦਭਵ ਰੂਪ ਹੈ। ਸੌਭਾਗਯ ਦਾ ਅਰਥ ਚੰਗੇ ਭਾਗਾਂ ਵਾਲਾ, ਚੰਗੀ ਕਿਸਮਤ ਵਾਲਾ ਜਾਂ ਤਕਦੀਰ ਵਾਲਾ ਹੈ। ਸੁਹਾਗ ਸਮੂਹ ਵਿੱਚ ਗਾਏ ਜਾਣ ਦੀ ਪਰੰਪਰਾ ਹੈ। ਇਹਨਾਂ ਨੂੰ ਦੋ-ਦੋ ਸਵਾਣੀਆਂ ਜੁੱਟਾਂ ਵਿੱਚ ਜਾਂ ਸਮੂਹ ਵਿੱਚ ਮਿਲ ਕੇ ਲੰਮੀ ਹੇਕ ਨਾਲ ਗਾਉਂਦੀਆਂ ਹਨ। ਸੁਹਾਗ ਵਿੱਚ ਬਹੁਤੀ ਵਾਰ ਸੰਬੋਧਨ ਹੁੰਦਾ ਹੈ। ਸੁਹਾਗ ਵਿੱਚ ਵਿਆਹੀ ਜਾਣ ਵਾਲੀ ਕੁੜੀ ਆਮ ਤੌਰ 'ਤੇ ਆਪਣੇ ਬਾਬਲ ਨੂੰ ਸੰਬੋਧਨ ਕਰਕੇ ਆਪਣੀਆਂ ਭਾਵਨਾਵਾਂ ਦਾ ਇਜ਼ਹਾਰ ਕਰਦੀ ਹੈ।

(i) ਸੁਹਾਗ ਕੀ ਹੁੰਦੇ ਹਨ ?

(ii) ਸੁਹਾਗ ਸ਼ਬਦ ਕਿੱਥੋਂ ਬਣਿਆ ਹੈ ?

(iii) ਸੁਹਾਗ ਕਿਵੇਂ ਗਾਏ ਜਾਣ ਦੀ ਪਰੰਪਰਾ ਹੈ ?

(iv) ਸੁਹਾਗ ਵਿੱਚ ਕਿਸ-ਕਿਸ ਨੂੰ ਸੰਬੋਧਨ ਹੁੰਦਾ ਹੈ ?

(v) ਉਪਰੋਕਤ ਪੈਰ੍ਹੇ ਨੂੰ ਢੁੱਕਵਾਂ ਸਿਰਲੇਖ ਦਿਉ।

8. ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਕੇ ਲਿਖੋ ਅਤੇ ਢੁੱਕਵਾਂ ਸਿਰਲੇਖ ਵੀ ਦਿਓ :

ਲੋਕ ਸਰਕਾਰਾਂ ਵੱਲ ਇੰਜ ਤੱਕਦੇ ਹਨ ਕਿ ਉਹ ਜ਼ਿੰਦਗੀ ਨੂੰ ਸਰਲ, ਸੁਖਾਵੀਂ ਅਤੇ ਸੁਰੱਖਿਅਤ ਕਰਨਗੀਆਂ। ਅੰਤ ਹੁੰਦਾ



Scanned with CamScanner

ਇਹ ਹੈ ਕਿ ਸਰਕਾਰਾਂ ਲੋਕਾਂ ਨੂੰ ਬੰਦੀ ਬਣਾ ਲੈਂਦੀਆਂ ਹਨ। ਜਿਸ ਸਰਕਾਰ ਨੂੰ ਅਸੀਂ 'ਸੇਵਾ ਕਰਨ' ਲਈ ਬਣਾਉਂਦੇ ਹਾਂ, ਉਹੀ ਰਾਜ ਕਰਨ ਲਗ ਪੈਂਦੀ ਹੈ। 'ਸੇਵਾ' ਕਰਨ ਵਾਲੇ ਅਸਲ ਵਿੱਚ ਰਾਜੇ ਬਣ ਬੈਠਦੇ ਹਨ। 'ਸਰਕਾਰ ਲੋਕਾਂ ਦੀ ਸੇਵਕ ਹੈ' ਇਹ ਖ਼ਿਆਲ ਬੁਨਿਆਦ ਤੋਂ ਹੀ ਗ਼ਲਤ ਪ੍ਰਤੀਤ ਹੁੰਦਾ ਹੈ। ਇਹ ਸੋਚ ਕਿ ਲੋਕਾਂ ਨੇ ਆਪਣੀ ਰੱਖਿਆ ਲਈ ਸਰਕਾਰਾਂ ਘੜਨੀਆਂ ਹਨ, ਧੁਰੋਂ ਹੀ ਝੂਠ ਜਾਪਦੀ ਹੈ। ਜਦੋਂ ਆਦਿ ਮਨੁੱਖ ਮਸਾਂ ਹੀ ਆਪਣੀ ਲੋੜ ਜਿੰਨੀ ਖ਼ੁਰਾਕ ਪੈਦਾ ਕਰਦਾ ਸੀ, ਉਸ ਸਮੇਂ ਨਾ ਕੋਈ ਮਾਲਕ ਸੀ ਅਤੇ ਨਾ ਕੋਈ ਦਾਸ। ਸਭੋ ਬਰਾਬਰ ਸਨ। ਸ਼ੁਰੂ ਦੇ ਤਕੜੇ ਵਿਅਕਤੀਆਂ, ਕਬੀਲੇ ਦੇ ਸਰਦਾਰਾਂ ਅਤੇ ਨਿੱਕੀਆਂ ਮੋਟੀਆਂ ਸਰਕਾਰਾਂ ਨੂੰ ਸਮਝ ਆ ਗਈ ਸੀ ਕਿ ਇਨਸਾਨਾਂ ਨੂੰ ਪਸ਼ੂਆਂ ਵਾਂਗ ਘੇਰ ਕੇ, ਕਾਬੂ ਕਰ ਕੇ ਮਰਜ਼ੀ ਦਾ ਕੰਮ ਲੈਣਾ ਲਾਭਦਾਇਕ ਹੈ, ਕਿਉਂਕਿ ਹਰ ਇਨਸਾਨ ਆਪਣੀ ਨਿੱਜੀ ਲੋੜ ਨਾਲੋਂ ਵੱਧ ਪੈਦਾ ਕਰ ਸਕਦਾ ਹੈ।



Scanned with CamScanner